ਨੰ:3/28/2011-4ਵਿ.ਪ੍ਰ.2/ 132

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 25-6-15

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਅਤੇ ਸੈਸਨ ਜੱਜ ਅਤੇ
ਸਮੂਹ ਡਿਪਟੀ ਕਮਿਸਨਰ, ਪੰਜਾਬ ਰਾਜ ਵਿੱਚ।

ਵਿਸਾ:- ਮੋਬਾਇਲ ਭੱਤੇ ਸਬੰਧੀ ਸਪੱਸਟੀਕਰਨ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸੇ ਤੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵਲੋਂ ਜਾਰੀ ਹਦਾਇਤਾਂ ਨੰ: 3/28/2011-4ਐਫ.ਪੀ.2/612 ਮਿਤੀ 3.10.2011 ਵੱਲ ਦਿਵਾਉਦੇ ਹੋਏ ਹੇਠ ਲਿਖੇ ਅਨੁਸਾਰ ਸਪੱਸਟੀਕਰਨ ਦੇਣ ਦੀ ਹਦਾਇਤ ਹੋਈ ਹੈ:-

ਜੇਕਰ ਕੋਈ ਅਧਿਕਾਰੀ/ਕਰਮਚਾਰੀ ਵਿੱਤ ਵਿਭਾਗ ਦੇ ਪੱਤਰ ਨੰ:3/28/2011-4ਐਫ.ਪੀ2/612 ਮਿਤੀ 3.10.2011 ਰਾਹੀਂ ਦਿੱਤਾ ਗਿਆ ਫਿਕਸਡ ਮੋਬਾਇਲ ਭੱਤਾ ਆਪਣੀ ਇੱਛਾ ਨਾਲ ਬੰਦ ਕਰਵਾਉਣਾ ਚਾਹੁੰਦਾ ਹੈ ਤਾਂ ਇਸ ਲਈ ਸਰਕਾਰ ਨੂੰ ਕੋਈ ਇਤਰਾਜ ਨਹੀ ਹੈ ਅਤੇ ਇਸ ਲਈ ਸਬੰਧਿਤ ਵਿਭਾਗ ਦਾ ਮੁਖੀ ਜਾਂ ਨਿਯੁਕਤੀ ਅਧਿਕਾਰੀ ਸਮਰੱਥ ਅਥਾਰਟੀ ਹੋਵੇਗਾ।

2. ਇਹ ਭੱਤਾ ਬੰਦ ਕਰਾਉਣ ਤੋਂ ਪਹਿਲਾਂ ਵਿਭਾਗ ਦੇ ਮੁੱਖੀ/ਨਿਯੁਕਤੀ ਅਧਿਕਾਰੀ ਵਲੋਂ ਸਬੰਧਤ ਅਧਿਕਾਰੀ/ਕਰਮਚਾਰੀ ਤੋਂ ਹੇਠ ਲਿਖੇ ਅਨੁਸਾਰ ਅੰਡਰਟੇਕਿੰਗ ਲਈ ਜਾਵੇਗੀ, ਜੋ ਕਿ ਦਫਤਰ ਦੇ ਰਿਕਾਰਡ ਅਤੇ ਸਬੰਧਤ ਅਧਿਕਾਰੀ /ਕਰਮਚਾਰੀ ਦੀ ਨਿਜੀ ਮਿਸਲ ਵਿੱਚ ਲਗਾਈ ਜਾਵੇਗੀ:-

ੳ) ਮੋਬਾਇਲ ਭੱਤਾ ਬੰਦ ਕਰਵਾਉਣ ਨਾਲ ਸਰਕਾਰੀ ਸੇਵਾ ਦੀ ਕਾਰਜਕੁਸਲਤਾ ਵਿੱਚ ਕੋਈ ਕਮੀ ਨਹੀਂ ਆਵੇਗੀ ਅਤੇ ਅਧਿਕਾਰੀ/ਕਰਮਚਾਰੀ ਵਲੋਂ ਪਹਿਲਾਂ ਦੀ ਤਰ੍ਹਾਂ ਹੀ ਦਫਤਰ ਨੂੰ ਦਿੱਤੇ ਗਏ ਮੋਬਾਇਲ ਨੰਬਰ ਤੇ ਉਹ ਹਮੇਸਾ ਉਪਲਬੱਧ ਰਹੇਗਾ।

ਅ) ਸਬੰਧਤ ਅਧਿਕਾਰੀ/ਕਰਮਚਾਰੀ ਵਲੋਂ ਉਸਦਾ ਆਪਣਾ ਮੋਬਾਇਲ ਨੰਬਰ ਪਹਿਲਾਂ ਦੀ ਤਰ੍ਹਾਂ ਹੀ ਦਫਤਰ ਵਿੱਚ ਉਸਦੇ ਅਧਿਕਾਰੀਆਂ, ਹੋਰ ਕਰਮਚਾਰੀਆਂ ਅਤੇ ਸਰਕਾਰ ਦੀ ਵੈਬਸਾਈਟ ਤੇ ਪਾਇਆ ਜਾਂਦਾ ਰਹੇਗਾ। ਸਰਕਾਰੀ ਕੰਮ ਲਈ ਆਮ ਪਬਲਿਕਨੂੰ ਉਸਦੇ ਮੋਬਾਈਲ ਦੀ ਸਹੂਲਤ ਪਹਿਲਾਂ ਵਾਂਗ ਹੀ ਬਰਕਰਾਰ ਰਹੇਗੀ।

3. ਇਹ ਸਪਸਟ ਕੀਤਾ ਜਾਂਦਾ ਹੈ ਕਿ ਮੋਬਾਇਲ ਭੱਤਾ ਬੰਦ ਕਰਵਾਉਣ ਦੀ ਸੂਰਤ ਵਿੱਚ ਉਪਰੋਕਤ ਅਨੁਸਾਰ ਨਿਯਮਾਂ ਦੀ ਉਲੰਘਣਾ ਕਰਨ ਕਾਰਣ ਸਬੰਧਤ ਵਿਰੁੱਧ ਅਨੁਸਾਸਨੀ ਕਾਰਵਾਈ ਆਰੰਭੀ ਜਾਵੇਗੀ ਜਿਸ ਦੀ ਜਿੰਮਵਾਰੀ ਸਮਰਥ ਅਥਾਰਟੀ ਦੀ ਹੋਵੇਗੀ।

ਵਿਸਵਾਸਪਾਤਰ,

ਉਪ ਸਕੱਤਰ ਵਿੱਤ(ਕੇ)

ਪਿੱਠ ਅੰ:ਨੰ:3/28/2011-4ਵਿ.ਪ੍ਰ.2/ 133 ਮਿਤੀ, ਚੰਡੀਗੜ੍ਹ 24-6-15

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਉਪ ਸਕੱਤਰ ਵਿੱਤ

ਪਿੱਠ ਅੰ:ਨੰ:3/28/2011-4ਵਿ.ਪ੍ਰ.2/ 134 ਮਿਤੀ, ਚੰਡੀਗੜ੍ਹ 24-6-15

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮੁੱਖ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ।
2. ਸਮੂਹ ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ।

ਉਪ ਸਕੱਤਰ ਵਿੱਤ

ਪਿੱਠ ਅੰ:ਨੰ:3/28/2011-4ਵਿ.ਪ੍ਰ.2/ 135 ਮਿਤੀ,ਚੰਡੀਗੜ੍ਹ: 24-6-15

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ/ਖਜਾਨਾ ਅਫਸਰ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰ:ਨੰ:3/28/2011-4ਵਿ.ਪ੍ਰ.2/ 136 ਮਿਤੀ,ਚੰਡੀਗੜ੍ਹ: 24-6-15

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇੰਨਫੋਟੈਕ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ